BRAMPTON Flower City
brampton.ca

media release

ਤੁਰੰਤ ਰਿਲੀਜ ਲਈ

## ਹਰ ਦਰਵਾਜੇ ਦੇ ਪਿੱਛੇ ਦੀ ਕਹਾਣੀ ਜਾਣੋ

### *ਡੋਰਸ ਓਪਨ 2019 ਦੇ ਦੌਰਾਨ ਬ੍ਰੈਂਪਟਨ ਦੇ ਇਤਿਹਾਸ, ਵਿਰਸੇ ਅਤੇ ਬੇਜੋੜ ਸੱਭਿਆਚਾਰ ਥਾਵਾਂ ਦਾ ਅਨੁਭਵ ਲਓ।*

ਬ੍ਰੈਂਪਟਨ, ਓਨਟੈਰੀਓ (16 ਸਤੰਬਰ, 2019) –28 ਸਤੰਬਰ, 2019 ਨੂੰ, ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ, ਨਿਵਾਸੀਆਂ ਅਤੇ ਆਉਣ ਵਾਲਿਆਂ ਨੂੰ ਡੋਰਸ ਓਪਨ (Doors Open) ਵਿੱਚ ਬ੍ਰੈਂਪਟਨ ਦੇ ਇਤਿਹਾਸ, ਵਿਰਸੇ ਅਤੇ ਬੇਜੋੜ ਸੱਭਿਆਚਾਰਕ ਥਾਵਾਂ ਦਾ ਅਨੁਭਵ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ। 20 ਤੋਂ ਵੱਧ, ਬ੍ਰੈਂਪਟਨ ਦੀਆਂ ਸਭ ਤੋਂ ਵੱਧ ਆਕਰਸ਼ਕ ਫੈਸਿਲਿਟੀਜ ਵਿੱਚੋਂ ਆਪਣੇ ਦਰਵਾਜੇ ਖੋਲ੍ਹਣਗੀਆਂ ਅਤੇ ਉਹਨਾਂ ਦੇ ਪਿੱਛੇ ਦੀਆਂ ਕਹਾਣੀਆਂ ਦੀ ਪੜਚੋਲ ਕਰਨ ਲਈ ਲੋਕਾਂ ਦਾ ਸੁਆਗਤ ਕਰਨਗੀਆਂ।

ਵਿਕਟੋਰੀਅਨ (Victorian) ਯੁੱਗ ਦੀਆਂ ਚੰਗੀ-ਤਰ੍ਹਾਂ ਸਾਂਭੀਆਂ ਹੋਈਆਂ ਬਿਲਡਿੰਗਾਂ ਤੋਂ ਲੈ ਕੇ, ਆਉਟਡੋਰ ਸੈਰ ਕਰਨ ਦੇ ਟੂਰਾਂ ਅਤੇ ਪੂਜਾਪਾਠ ਦੀਆਂ ਆਧੁਨਿਕ ਥਾਵਾਂ ਤੱਕ, ਬ੍ਰੈਂਪਟਨ ਦੇ ਹਰੇਕ ਗਵਾਂਢ ਵਿੱਚ ਜਾਣਨ ਲਈ ਕਹਾਣੀਆਂ ਹਨ। ਅਸਲਾਖ਼ਾਨੇ ਦੇ ਇਤਿਹਾਸ ਦਾ ਅਨੁਭਵ ਲਓ, ਬ੍ਰੈਂਪਟਨ ਦੇ ਥਿਏਟਰਾਂ ਦਾ ਬੈਕਸਟੇਜ ਟੂਰ ਲਓ ਅਤੇ ਸਾਡੀ ਆਧੁਨਿਕ ਟ੍ਰਾਂਜ਼ਿਟ ਪ੍ਰਣਾਲੀ ਦੀ ਪੜਚੋਲ ਕਰੋ। ਪੂਰੇ ਬ੍ਰੈਂਪਟਨ ਦੀਆਂ ਫੈਸਿਲਿਟੀਜ ਵਿਖੇ ਹਰੇਕ ਸਥਾਨ ਦੇ ਚੁਗਿਰਦੇ ਵਿੱਚ ਮੁਫ਼ਤ, ਖ਼ਾਸ, ਪਰਦੇ ਦੇ ਪਿੱਛੇ ਨਜ਼ਰ ਮਾਰੋ।

ਹੋਰ ਵੇਰਵਿਆਂ ਅਤੇ ਹਿੱਸਾ ਲੈਣ ਵਾਲੀਆਂ ਥਾਵਾਂ ਦੀ ਸੂਚੀ ਲਈ, brampton.ca/doorsopen ਤੇ ਜਾਓ।

ਡੋਰਸ ਓਪਨ, ਹਾਲ ਵਿੱਚ ਹੀ ਮੁੜ ਨਵੇਂ ਬਣਾਏ ਲੈਸਟਰ ਬੀ. ਪੀਅਰਸਨ (ਐਲ.ਬੀ.ਪੀ.) ਥਿਏਟਰ (Lester B. Pearson (LBP) Theatre) ਵਿਖੇ ਜਾਣ ਦੇ ਮੌਕੇ ਦਾ ਵੀ ਟੀਚਾ ਹੈ। ਇਹ ਸ਼ਾਨਦਾਰ ਪ੍ਰਦਰਸ਼ਨ ਦੀ ਥਾਂ ਵਧੀ ਹੋਈ ਪਹੁੰਚਯੋਗਤਾ ਅਤੇ ਸੁਰੱਖਿਆ ਸਬੰਧੀ ਵਿਸ਼ੇਸ਼ਤਾਵਾਂ, ਆਧੁਨਿਕ ਨੇੜਲਾ ਖੇਤਰ ਅਤੇ ਨਵਾਂ ਤਕਨੀਕੀ ਉਪਕਰਨ ਵਿੱਚ ਵਾਧਾ ਕਰਦੀ ਹੈ।

ਮੇਅਰ ਪੈਟਰਿਕ ਬ੍ਰਾਊਨ ਅਤੇ ਕਾਉਂਸਲਰ, ਡੋਰਸ ਓਪਨ ਵਾਸਤੇ ਸਵੇਰੇ 10 ਵਜੇ ਐਲ.ਬੀ.ਪੀ. (LBP) ਦੇ ਰਿਬਨ-ਕੱਟਣ ਦੇ ਸਮਾਰੋਹ ਲਈ ਨਿਵਾਸੀਆਂ ਨੂੰ ਸੱਦਾ ਦਿੰਦੇ ਹਨ। ਨਿਵਾਸੀਆਂ ਕੋਲ ਆਰਕੀਟੈਕਟਾਂ, ਲੇਬਲ ਐਂਡ ਬੌਲੀਏਨ (Lebel & Bouliane) ਨੂੰ ਮਿਲਣ, ਲਾਈਵ ਮਨੋਰੰਜਨ ਦਾ ਅਨੰਦ ਮਾਣਨ, ਟੂਰ ਨਾਲ ਜੁੜਨ ਅਤੇ ਅੱਪਗ੍ਰੇਡ ਕੀਤੀ ਫੈਸਿਲਿਟੀ ਦੀ ਪੜਚੋਲ ਕਰਨ ਦਾ ਮੌਕਾ ਹੋਵੇਗਾ।

brampton.ca/lbp ਤੇ ਐਲ.ਬੀ.ਪੀ. ਦੇ ਪਰਿਵਰਤਣ ਬਾਰੇ ਹੋਰ ਜਾਣੋ।

ਓਨਟੈਰੀਓ ਹੈਰੀਟੇਜ ਟ੍ਰਸਟ (Ontario Heritage Trust) ਓਪਨ ਡੋਰਸ ਲਈ ਹਰ ਸਾਲ ਆਪਣੀਆਂ ਬੇਜੋੜ ਸੱਭਿਆਚਾਰਕ ਥਾਵਾਂ ਦੇ ਦਰਵਾਜੇ, ਗੇਟ ਅਤੇ ਕੋਰਟਯਾਰਡ ਖੋਲ੍ਹਣ ਲਈ ਪੂਰੇ ਓਨਟੈਰੀਓ ਦੇ ਭਾਈਚਾਰਿਆਂ ਨਾਲ ਕੰਮ ਕਰਦਾ ਹੈ।

ਹੋਰ ਜਾਣਕਾਰੀ ਲਈ, doorsopenontario.on.ca ਤੇ ਜਾਓ।

ਬ੍ਰੈਂਪਟਨ ਦਾ ਡੋਰਸ ਓਪਨ, 27 ਤੋਂ 29 ਸਤੰਬਰ ਤੱਕ, ਕਲਚਰ ਡੇਜ਼ (Culture Days) ਵੀਕੈਂਡ ਦੇ ਦੌਰਾਨ ਹੁੰਦਾ ਹੈ ਅਤੇ ਪੂਰੇ ਸ਼ਹਿਰ ਵਿੱਚ ਰੋਮਾਂਚਕ ਸੱਭਿਆਚਾਰਕ ਅਨੁਭਵਾਂ ਨੂੰ ਸ਼ਾਮਲ ਕਰਦਾ ਹੈ। ਕਲਚਰ ਡੇਜ਼, ਕਲਾ ਅਤੇ ਸੱਭਿਆਚਾਰ ਦਾ ਰਾਸ਼ਟਰੀ ਜਸ਼ਨ ਹੈ, ਜਿੱਥੇ ਨਿਵਾਸੀ ਅਤੇ ਆਉਣ ਵਾਲੇ ਪੂਰੇ

ਬ੍ਰੈਂਪਟਨ ਦੀਆਂ ਥਾਵਾਂ ਤੇ ਮੁਫ਼ਤ, ਪਰਿਵਾਰ-ਅਨੁਕੂਲਿਤ ਗਤੀਵਿਧੀਆਂ ਦਾ ਅਨੰਦ ਮਾਣ ਸਕਦੇ ਹਨ। ਇਸ ਸਾਲ, ਹਿੱਸਾ ਲੈਣ ਵਾਲੇ ਸੰਗਠਨਾਂ ਵਿੱਚ ਸ਼ਾਮਲ ਹਨ, ਪੀਲ ਆਰਟ ਗੈਲਰੀ ਮਿਊਜ਼ੀਅਮ ਐਂਡ ਆਰਕਾਈਵਸ (ਪੀ.ਏ.ਐਮ.ਏ.) (Peel Art Gallery Museum and Archives) (PAMA), ਫੈਸਟੀਵਲ ਆਫ ਲਿਟਰੇਰੀ ਡਾਇਵਰਸਿਟੀ (ਐਫ.ਓ.ਐਲ.ਡੀ.) (Festival of Literary Diversity) (FOLD) ਅਤੇ ਬ੍ਰੈਂਪਟਨ ਲਾਇਬ੍ਰੇਰੀ (Brampton Library)।

ਬ੍ਰੈਂਪਟਨ ਵਿੱਚ ਕਲਚਰ ਡੇਜ਼ ਗਤੀਵਿਧੀਆਂ ਦੀ ਪੂਰੀ ਸੂਚੀ ਲਈ, culturedays.ca ਤੇ ਜਾਓ।

**ਹਵਾਲੇ**

"ਬ੍ਰੈਂਪਟਨ ਸਾਡੇ ਸੱਭਿਆਚਾਰ ਦਾ ਮੋਜ਼ੈਕ, ਅਤੇ ਸਾਡੀ ਸਭ ਤੋਂ ਵੱਡੀ ਤਾਕਤ ਹੈ। ਅਸੀਂ ਹਰ ਦਰਵਾਜ਼ੇ ਦੇ ਪਿੱਛੇ ਮੌਜੂਦ ਕਹਾਣੀਆਂ ਦੇ ਨਾਲ, ਅਸਧਾਰਨ ਤੌਰ ਤੇ ਵੰਨ-ਸੁਵੰਨਾ ਭਾਈਚਾਰਾ ਹਾਂ। ਮੈਂ ਹਰੇਕ ਨੂੰ ਡੋਰਸ ਓਪਨ 2019 ਵਿੱਚ ਬ੍ਰੈਂਪਟਨ ਦੇ ਸੱਭਿਆਚਾਰ ਅਤੇ ਵੰਨ-ਸੁਵੰਨਤਾ ਦੀ ਪੜਚੋਲ ਕਰਨ ਲਈ ਉਤਸ਼ਾਹਿਤ ਕਰਦਾ ਹਾਂ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

"ਡੋਰਸ ਓਪਨ, ਨਿਵਾਸੀਆਂ ਅਤੇ ਆਉਣ ਵਾਲਿਆਂ ਲਈ ਬ੍ਰੈਂਪਟਨ ਦੇ ਇਤਿਹਾਸ, ਵਿਰਸੇ ਅਤੇ ਸੱਭਿਆਚਾਰਕ ਥਾਵਾਂ ਦੁਆਰਾ ਇਸ ਬਾਰੇ ਜਾਣਨ ਦਾ ਸ਼ਾਨਦਾਰ ਮੌਕਾ ਹੈ। ਅਸੀਂ ਇਸ ਬੇਜੋੜ ਕਾਰਜਕਰਮ ਦਾ ਹਿੱਸਾ ਬਣਨ ਲਈ ਉਤਸ਼ਾਹਿਤ ਹਾਂ ਅਤੇ ਬ੍ਰੈਂਪਟਨ ਦੀਆਂ ਸਭ ਤੋਂ ਵੱਧ ਆਕਰਸ਼ਕ ਫੈਸਿਲਿਟੀਜ ਵਿੱਚੋਂ ਕੁਝ ਬਾਰੇ ਜਾਣਨ ਲਈ ਲੋਕਾਂ ਦਾ ਸੁਆਗਤ ਕਰਦੇ ਹਾਂ।"

- *ਰੀਜਨਲ ਕਾਉਂਸਲਰ ਗੁਰਪ੍ਰੀਤ ਢਿੱਲੋਂ (Gurpreet Dhillon), ਚੇਅਰ, ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca